# ☬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ☬

## ਮੰਗ ਕੁਟੇਸ਼ਨਾਂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਸਮੂੰਹ ਅਹੁਦੇਦਾਰ ਸਾਹਿਬਾਨ ਅਤੇ ਇਸ ਦੇ ਪ੍ਰਬੰਧ ਅਧੀਨ ਸਮੂੰਹ ਅਦਾਰਿਆਂ ਦੇ ਮੁਲਾਜਮਾਂ ਦਾ ਮਿਤੀ 12/11/2022 ਤੋਂ ਇੱਕ ਸਾਲ ਲਈ ਗਰੁੱਪ ਮੈਡੀਕਲ ਅਤੇ ਐਕਸੀਡੈਂਟ ਬੀਮਾਂ ਕਰਵਾਇਆ ਜਾਣਾ ਹੈ। ਪਬਲਿਕ ਸੈਕਟਰ ਦੀਆਂ ਬੀਮਾਂ ਕੰਪਨੀਆਂ ਰੀਜਨਲ/ਡਵੀਜਨਲ ਮੈਨੇਜਰ ਦੇ ਦਸਤਖਤਾਂ ਹੇਠ ਸੀਲਬੰਦ ਕੁਟੇਸ਼ਨਾਂ ਮਿਤੀ 15/10/2022 ਤੀਕ ਨਿਮਨ ਹਸਤਾਖਰੀ ਦੇ ਨਾਮ ਪੁਰ ਭੇਜਣ। ਵਧੇਰੇ ਜਾਣਕਾਰੀ ਵੈਬਸਾਈਟ www.sgpc.net ਅਤੇ 0183-2553959 Ext. 209 ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਕੁਟੇਸ਼ਨਾਂ ਸਬੰਧੀ ਸਭ ਹੱਕ ਸ਼੍ਰੋ:ਗੁ:ਪ੍ਰ:ਕਮੇਟੀ ਪਾਸ ਰਾਖਵੇਂ ਹੋਣਗੇ।

**ਸਕੱਤਰ,**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।**

ਈ-ਮੇਲ :
info@sgpc.net

ੴ ਵਾਹਿਗੁਰੂ ਜੀ ਕੀ ਫ਼ਤਹ ॥

242/08-22/2500
2553957
2553958
2553959
ਫੈਕਸ - 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ__________ ਮਿਤੀ__________

## ਮੈਡੀਕਲ ਬੀਮੇ ਦੀਆਂ ਸਰਤਾਂ/ਸਹੂਲਤਾਂ 2022-2023

**ਸਾਲ 2022-2023 (1 ਸਾਲ) ਲਈ ਮੈਡੀਕਲੇਮ ਬੀਮੇ ਸਬੰਧੀ ਲਈਆਂ ਜਾਣ ਵਾਲੀਆਂ ਸਹੂਲਤਾਂ (ਕੁੱਲ 04 ਵਰਕੇ):-**
**ਮੈਡੀਕਲ ਕਲੇਮ ਲੈਣ ਸਬੰਧੀ ਹਸਪਤਾਲ ਵਿਖੇ 24 ਘੰਟੇ ਦਾਖਲ ਹੋਣਾ ਜਰੂਰੀ ਹੋਵੇਗਾ।**

1. ਸਬੰਧਤ ਕੰਪਨੀ ਨੂੰ ਮੈਡੀਕਲ ਕਾਰਡ ਬਣਾਉਣ ਲਈ ਮੁਲਾਜਮਾਂ ਦੇ ਦਿੱਤੇ ਫੋਟੋ ਪ੍ਰੋਫਾਰਮਿਆਂ ਉਪਰੰਤ 30 ਦਿਨਾਂ ਦੇ ਅੰਦਰ-ਅੰਦਰ ਮੈਡੀਕਲ ਕਾਰਡ ਮੁਹੱਈਆ ਕਰਵਾਉਣੇ ਹੋਣਗੇ।
2. ਬੀਮਾਧਾਰਕ ਦਾ ਇਲਾਜ ਕੰਪਨੀ ਵੱਲੋਂ ਕੈਸ਼ਲੈਸ ਕਰਾਉਣਾ ਹੋਵੇਗਾ। ਬੀਮਾਰੀ ਦੀ ਹਾਲਤ ਵਿੱਚ ਦਾਖਲ ਹੋਣ ਉਪਰੰਤ ਡਾਕਟਰ ਵੱਲੋਂ ਸੁਝਾਏ ਟੈਸਟ,ਐਕਸਰੇ,ਅਲਟਰਾਸਾਊਂਡ,ਐਮ.ਆਰ. ਆਈ, ਸੀ.ਟੀ. ਸਕੈਨ, ਆਦਿ ਹਸਪਤਾਲ ਵੱਲੋਂ ਕਰਵਾਉਣੇ ਹੋਣਗੇ। ਉਕਤ ਟੈਸਟਾਂ ਆਦਿ ਦੇ ਖਰਚੇ ਹਸਪਤਾਲ ਵੱਲੋਂ ਹੀ ਕਰਨੇ ਹੋਣਗੇ। ਨਵੀਆਂ ਅਤੇ ਪੁਰਾਣੀਆਂ ਬੀਮਾਰੀਆਂ ਪਹਿਲੇ ਦਿਨ ਤੋਂ ਹੀ ਕਵਰ ਹੋਣਗੀਆਂ।
3. ਬੀਮਾ ਕੰਪਨੀ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਪਾਬੰਦ ਹੋਵੇਗੀ ਕਿ ਡਿਸਚਾਰਜ ਕਰਨ ਸਮੇਂ ਸਬੰਧਤ ਹਸਪਤਾਲ ਵੱਲੋਂ ਮਰੀਜ ਨੂੰ ਲੋੜ ਅਨੁਸਾਰ 07 ਦਿਨ ਤੀਕ ਦੀ ਦਵਾਈ ਵੀ ਦਿੱਤੀ ਜਾਵੇਗੀ। ਐਮਰਜੈਂਸੀ ਵਿੱਚ ਆਪਣੇ ਤੌਰ ਪੁਰ ਕਰਵਾਏ ਇਲਾਜ ਦੇ ਖ਼ਰਚੇ ਸਬੰਧਤ ਨੂੰ ਡਾਕੂਮੈਂਟਸ ਮੁਕੰਮਲ ਕਰਾਉਣ ਉਪਰੰਤ ਤੀਹ ਦਿਨਾਂ ਦੇ ਅੰਦਰ-ਅੰਦਰ ਦੇਣੇ ਹੋਣਗੇ। ਆਪਣੇ ਤੌਰ ਪੁਰ ਕਰਵਾਏ ਇਲਾਜ ਦੀ ਇਤਲਾਹ ਹਸਪਤਾਲ ਵਿਖੇ ਦਾਖਲ ਹੋਣ ਤੇ 72 ਘੰਟੇ ਦੇ ਅੰਦਰ-ਅੰਦਰ ਜਾਂ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਪਹਿਲਾਂ ਕੰਪਨੀ ਨੂੰ ਦਿੱਤੀ ਜਾਵੇਗੀ ਅਤੇ ਕਲੇਮ ਲੈਣ ਲਈ ਡਾਕੂਮੈਂਟਸ ਡਿਸਚਾਰਜ ਹੋਣ ਤੋਂ 30 ਦਿਨਾਂ ਦੇ ਅੰਦਰ ਕੰਪਨੀ ਨੂੰ ਦਿੱਤੇ ਜਾਣਗੇ।
4. ਬੀਮਾਧਾਰਕ ਨੂੰ ਹਸਪਤਾਲ ਵੱਲੋਂ TPA ਦੇ ਅਪਰੂਵਲ ਦੀ ਉਡੀਕ ਕਰਨ ਲਈ ਨਹੀਂ ਕਿਹਾ ਜਾਵੇਗਾ।ਇਲਾਜ ਤੁਰੰਤ ਹੀ ਸ਼ੁਰੂ ਹੋਵੇਗਾ।ਇਸ ਸਬੰਧੀ ਇਲਾਜ ਵਿੱਚ ਹੋਈ ਦੇਰੀ ਲਈ ਕੰਪਨੀ ਅਤੇ TPA ਜੁਆਬ ਦੇਹ ਹੋਣਗੇ।TPA ਦਾ ਪੰਜਾਬ ਲੈਵਲ ਦਾ ਦਫ਼ਤਰ ਅੰਮ੍ਰਿਤਸਰ ਵਿਖੇ ਹੋਵੇਗਾ ਅਤੇ ਕਾਰਡ ਬਨਾਉਣ ਅਤੇ ਚਲ ਰਹੇ ਕੇਸਾਂ ਦੇ ਸਟੇਟਸ ਸਬੰਧੀ ਜਾਣਕਾਰੀ ਦੇਣ ਲਈ TPA ਦਾ ਇਕ ਮੁਲਾਜਮ ਦਫ਼ਤਰ ਸ਼੍ਰੋਮਣੀ ਕਮੇਟੀ ਵਿਖੇ ਪੱਕੇ ਤੌਰ ਪੁਰ ਰਹੇਗਾ।
5. ਮਰੀਜ ਦੇ ਹਸਪਤਾਲ ਤੋਂ ਡਿਸਚਾਰਜ ਹੋਣ ਤੋਂ ਬਾਅਦ 30 ਦਿਨ ਤੀਕ ਕਰਵਾਏ ਉਕਤ ਟੈਸਟ ਅਤੇ ਦਵਾਈਆਂ ਕਿਸੇ ਵੀ ਬੀਮਾਰੀ, ਸੱਟ ਆਦਿ ਦੇ ਮੁਕੰਮਲ ਖ਼ਰਚੇ ਕੰਪਨੀ ਵੱਲੋਂ ਸਬੰਧਤ ਨੂੰ ਦੇਣੇ ਹੋਣਗੇ। ਡਿਸਚਾਰਜ ਹੋਣ ਉਪਰੰਤ ਡਾਕਟਰ ਵੱਲੋਂ ਸੁਝਾਏ ਇਲਾਜ ਦੇ ਮੁਕੰਮਲ ਹੋਣ ਉਪਰੰਤ ਹੀ ਇਹ ਡਾਕੂਮੈਂਟਸ ਕੰਪਨੀ ਨੂੰ 30 ਦਿਨਾਂ ਦੇ ਅੰਦਰ ਦਿੱਤੇ ਜਾਣਗੇ। ਹਸਪਤਾਲ ਵਿਖੇ ਦਾਖਲ ਹੋਣ ਤੋਂ 07 ਦਿਨ ਪਹਿਲਾਂ ਟੈਸਟਾਂ ਪੁਰ ਹੋਇਆ ਖਰਚਾ ਕਲੇਮ ਵਿੱਚ ਸ਼ਾਮਿਲ ਹੋਵੇਗਾ।
6. ਪੈਨਲ ਵਿਚਲੇ ਹਸਪਤਾਲਾਂ ਤੋਂ ਇਲਾਵਾ ਸਾਰੀਆਂ ਨਾਮਵਰ ਲੈਬੋਰੇਟਰੀਆਂ,ਡਾਇਗਨੋਸਿਸ ਸੈਂਟਰ, ਵਗੈਰਾ ਵੀ ਪੈਨਲ ਵਿੱਚ ਸ਼ਾਮਲ ਕਰਨੇ ਹੋਣਗੇ।ਜਿਥੇ ਕਾਰਡ ਧਾਰਕਾਂ ਦੇ ਟੈਸਟ, ਐਕਸਰੇ, ਅਲਟਰਾਸਾਊਂਡ, ਸੀ.ਟੀ.ਸਕੈਨ ਆਦਿ ਕੰਪਨੀ ਦੇ ਰੇਟਾਂ ਅਨੁਸਾਰ ਕਰਨੇ ਹੋਣਗੇ।ਪੈਨਲ ਵਾਲੇ ਹਸਪਤਾਲਾਂ ਵਿਖੇ ਕਾਰਡ ਧਾਰਕਾਂ ਪਾਸੋਂ ਕੰਨਸਲਟੇਸ਼ਨ ਫੀਸ ਨਹੀਂ ਲਈ ਜਾਵੇਗੀ।
7. ਕੈਸ਼ਲੈਸ ਸਹੂਲਤ ਲਈ ਆਮ ਹਸਪਤਾਲ ਦੇ ਨਾਲ ਸਾਰੇ ਵੱਡੇ ਅਤੇ ਨਾਮੀ ਹਸਪਤਾਲ ਵੀ ਜ਼ਰੂਰੀ ਤੌਰ ਪੁਰ ਸ਼ਾਮਲ ਕਰਨੇ ਹੋਣਗੇ ਬੀਮਾਧਾਰਕ ਸਾਰੇ ਵੱਡੇ ਹਸਪਤਾਲ ਤੋਂ ਕੈਸ਼ਲੈਸ ਇਲਾਜ ਕਰਵਾ ਸਕਣਗੇ ਜੋ ਕਿ ਦਫ਼ਤਰ ਸ਼੍ਰੋਮਣੀ ਕਮੇਟੀ ਵੱਲੋਂ ਸੁਝਾਏ ਜਾਂ ਸ਼ਾਮਲ ਹੋਣਗੇ।
8. ਹਸਪਤਾਲ ਵਿੱਚੋਂ ਛੁੱਟੀ ਹੋਣ ਤੋਂ ਬਾਅਦ ਦੇ 30 ਦਿਨਾਂ ਤੱਕ ਦੇ ਉਸ ਬੀਮਾਰੀ ਦੇ ਇਲਾਜ ਦਾ ਖਰਚਾ ਵੀ ਕੰਪਨੀ ਵੱਲੋਂ ਦਿੱਤਾ ਜਾਵੇਗਾ ਅਤੇ ਕਲੇਮ ਦੇ ਵਿੱਚ ਹੀ ਸ਼ਾਮਿਲ ਹੋਣਗੇ।
9. ਬੀਮਾ ਪਾਲਿਸੀ ਟੇਲਰ ਮੇਡ ਹੋਣ ਕਰਕੇ ਇਸ ਵਿੱਚ ਬੀਮਾਧਾਰਕ ਦੀ ਆਮਦਨ ਦੀ ਕੋਈ ਸ਼ਰਤ ਨਹੀਂ ਹੋਵੇਗੀ।
10. ਮੈਂਬਰ ਸਾਹਿਬਾਨ, ਸ਼੍ਰੋਮਣੀ ਗੁ: ਪ੍ਰ: ਕਮੇਟੀ ਪੁਰ ਉਮਰ ਦੀ ਹੱਦ ਲਾਗੂ ਨਹੀਂ ਹੋਵੇਗੀ।
11. ਸੂਗਰ ਨਾਲ ਪੈਰ ਗਲਣ ਦੀ ਹਾਲਤ ਵਿੱਚ ਜਾਂ ਉਸ ਦੇ ਲੰਬਾ ਇਲਾਜ ਚਲਣ ਦੀ ਹਾਲਤ ਵਿੱਚ ਉਸਦਾ ਭੁਗਤਾਨ ਇਲਾਜ ਅਨੁਸਾਰ ਕਰਨਾ ਹੋਵੇਗਾ।ਜਿਵੇਂ ਕਿ ਪਲਾਸਟਰ ਪੱਟੀਆਂ ਆਦਿ।
12. ਕਲੇਮ ਲੈਣ ਵੇਲੇ ਬੀਮਾਧਾਰਕ ਵੱਲੋਂ ਪੂਰੇ ਅਸਲ ਪੇਪਰ ਜਮ੍ਹਾਂ ਕਰਵਾਉਣੇ ਹੋਣਗੇ ਜਿਵੇਂ ਕਿ ਫਾਈਨਲ ਕਲੇਮ ਕਰਨ ਵਾਸਤੇ ਹਸਪਤਾਲ ਦੇ ਬਿੱਲ, ਕੈਸ਼ ਰਸੀਦ, ਕੈਸ਼ ਮੀਮੋਜ਼, ਰਿਪੋਰਟਸ ਅਤੇ ਕਲੇਮ ਫਾਰਮ ਆਦਿ।

ਈ-ਮੇਲ :
info@sgpc.net

ੴ ਵਾਹਿਗੁਰੂ ਜੀ ਕੀ ਫ਼ਤਹ ॥

242/08-22/2500
2553957
2553958
2553959
ਫੈਕਸ - 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ__________ ਮਿਤੀ__________

13. ਬੀਮਾ ਧਾਰਕ ਦੇ ਹਸਪਤਾਲ ਵਿਖੇ ਦਾਖਲ ਹੋਣ ਤੇ ਮੌਸਮ ਅਨੁਸਾਰ ਏ.ਸੀ./ਬਲੋਅਰ ਵਾਲਾ ਕਮਰਾ ਹਸਪਤਾਲ ਵੱਲੋਂ ਮੁਹੱਈਆ ਕਰਾਇਆ ਜਾਵੇਗਾ।
14. ਡਲਿਵਰੀ ਕੇਸਾਂ ਵਿੱਚ ਦੋ ਜੀਵਤ ਬੱਚੇ ਕਵਰ ਹੋਣਗੇ, ਖਰਾਬ ਹੋਏ ਕੇਸ ਨੂੰ ਡਲਿਵਰੀ ਕੇਸ ਨਹੀਂ ਮੰਨਿਆ ਜਾਵੇਗਾ। ਤੀਜੀ ਡਲਿਵਰੀ ਕਵਰ ਨਹੀਂ ਹੋਵੇਗੀ। ਆਮ (Normal) ਡਲਿਵਰੀ ਕੇਸ ਲਈ ਵੱਧ ਤੋਂ ਵੱਧ ਖਰਚਾ 20000/-ਰੁਪਏ ਤੀਕ ਅਤੇ C-Sec. ਲਈ ਵੱਧ ਤੋਂ ਵੱਧ 40000/-ਰੁਪਏ ਤੀਕ ਹੀ ਖਰਚਾ ਦੇਣਾ ਹੋਵੇਗਾ।
15. ਨਵਜੰਮਿਆ ਬੱਚਾ ਪਹਿਲੇ ਦਿਨ ਤੋਂ ਹੀ ਕਵਰ ਹੋਵੇਗਾ ਅਤੇ ਸਾਰੀ ਪਾਲਿਸੀ ਵਿੱਚ ਕਵਰ ਰਹੇਗਾ। ਨਵਜੰਮੇ ਬੱਚੇ ਦਾ ਇਲਾਜ 40 ਦਿਨ ਤੱਕ ਮਾਂ ਦੇ ਕਾਰਡ ਉਪਰ ਹੀ ਹੋਵੇਗਾ। ਸ਼ਰਤ ਇਹ ਹੋਵੇਗੀ ਕਿ ਪਹਿਲਾਂ ਯੂਨਿਟ ਵਿੱਚ 05 ਤੋਂ ਘੱਟ ਮੈਂਬਰ ਹੋਣੇ ਚਾਹੀਦੇ ਹਨ, ਜੇਕਰ ਪਹਿਲਾਂ ਹੀ ਯੂਨਿਟ 05 ਮੈਂਬਰਾਂ ਦਾ ਹੈ ਤਾਂ ਨਵ-ਜੰਮਿਆਂ ਬੱਚਾ ਕਵਰ ਨਹੀਂ ਹੋਵੇਗਾ। ਮਾਂ ਅਤੇ ਨਵਜੰਮੇ ਬੱਚੇ ਦੇ pre-natal & post-natal ਖ਼ਰਚੇ ਕਵਰ ਹੋਣਗੇ। Pre-natal & Post-natal ਖ਼ਰਚੇ ਕਵਰ ਨਹੀਂ ਹੋਣਗੇ ਜੇ ਹਸਪਤਾਲ 'ਚ ਦਾਖਲ 'ਤੇ ਇਲਾਜ ਨਹੀਂ ਹੋਇਆ।
16. ਰਿਟਾਇਰ ਹੋਏ ਸ਼੍ਰੋਮਣੀ ਗੁ: ਪ੍ਰ: ਕਮੇਟੀ ਮੁਲਾਜਮਾਂ ਦਾ ਮੈਡੀਕਲ ਬੀਮਾ ਵੀ ਇਹਨਾਂ ਸ਼ਰਤਾਂ ਤੇ ਹੀ ਕਰਨਾ ਹੋਵੇਗਾ। ਇਹਨਾਂ ਦੀ ਪਾਲਿਸੀ ਵੱਖਰੀ ਹੋਵੇਗੀ। ਇਸ ਸਬੰਧੀ ਨਾਲ ਹੀ ਰੇਟ ਦੇਣਾ ਹੋਵੇਗਾ।
17. ਮੁਲਾਜਮ ਅਤੇ ਉਸ ਦੀ ਪਤਨੀ, ਤਿੰਨ ਅਨਮੈਰਿਡ ਬੱਚੇ 25 ਸਾਲ ਦੀ ਉਮਰ ਤੱਕ ਕਵਰ ਹੋਣਗੇ। ਆਸ਼ਰਿਤ ਲੜਕੀ ਤੇ ਉਮਰ ਦੀ ਹੱਦ ਲਾਗੂ ਨਹੀਂ ਹੋਵੇਗੀ। **ਵਿਆਹੇ ਬੱਚੇ (ਲੜਕਾ/ਲੜਕੀ) ਕਵਰ ਨਹੀਂ ਹੋਣਗੇ।** ਇਕ ਪਰਿਵਾਰ ਦੇ ਪੰਜ ਮੈਂਬਰਾਂ ਤੀਕ ਦਾ ਇਕ ਯੂਨਿਟ ਹੋਵੇਗਾ। ਜਿਸ ਵਿੱਚ (ਵਿਆਹੇ/ਅਣਵਿਆਹੇ) ਮੁਲਾਜ਼ਮ ਦੇ ਮਾਤਾ-ਪਿਤਾ 80 ਸਾਲ ਦੀ ਉਮਰ ਤੀਕ ਕਵਰ ਹੋਣਗੇ।
18. ਬੀਮਾ ਧਾਰਕਾਂ ਦੇ 60 ਸਾਲ ਤੋਂ ਵੱਧ ਉਮਰ ਵਾਲੇ ਮਾਤਾ-ਪਿਤਾ ਦੇ ਇਲਾਜ ਸਮੇਂ 80% ਕਲੇਮ ਬੀਮਾ ਕੰਪਨੀ ਵੱਲੋਂ ਅਦਾ ਕਰਨਾ ਹੋਵੇਗਾ ਅਤੇ 20% ਕਲੇਮ ਪਾਲਿਸੀ ਧਾਰਕ ਖੁਦ ਅਦਾ ਕਰਨਗੇ। ਇਹ ਸ਼ਰਤ ਮੇਨ ਬੀਮਾ ਪਾਲਿਸੀ ਧਾਰਕ ਵੱਲੋਂ ਆਪਣਾ ਇਲਾਜ ਕਰਾਉਣ ਸਮੇਂ ਲਾਗੂ ਨਹੀਂ ਹੋਵੇਗੀ।
19. ਇਸ ਵਾਰ ਸਮੂੰਹ ਮੁਲਾਜ਼ਮਾਂ ਦਾ ਤਿੰਨ ਤੋਂ ਪੰਜ ਲੱਖ ਤੀਕ ਦਾ ਗਰੁੱਪ ਮੈਡੀਕਲ ਬੀਮਾ ਕੀਤਾ/ਕਰਵਾਇਆ ਜਾਵੇਗਾ।ਬੀਮਾ ਕੰਪਨੀ ਵੱਲੋਂ **ਪ੍ਰੀਮੀਅਮ ਦੇ ਰੇਟ ਪ੍ਰਤੀ ਲੱਖ ਦੇ ਹਿਸਾਬ ਨਾਲ ਦੇਣੇ ਹੋਣਗੇ।**
20. **ਵਿਆਹੀਆਂ ਔਰਤ ਮੁਲਾਜਮਾਂ ਦੇ ਸੱਸ-ਸਹੁਰਾ ਬੀਮਾ ਪਾਲਿਸੀ ਵਿੱਚ ਕਵਰ ਹੋਣਗੇ। ਅਣਵਿਆਹੀ/ਤਲਾਕਸ਼ੁਦਾ ਔਰਤ ਮੁਲਾਜਮ (ਜੋ ਆਪਣੇ ਮਾਤਾ-ਪਿਤਾ ਪਾਸ ਰਹਿ ਰਹੀ ਹੈ) ਦੇ ਮਾਤਾ-ਪਿਤਾ ਬੀਮਾ ਪਾਲਿਸੀ ਵਿੱਚ ਕਵਰ ਹੋਣਗੇ।**
21. ਕੁਟੇਸ਼ਨਾਂ ਪਾਸ ਕਰਨ ਸਬੰਧੀ ਸਭ ਹੱਕ ਸ਼੍ਰੋਮਣੀ ਗੁ: ਪ੍ਰ: ਕਮੇਟੀ ਪਾਸ ਰਾਖਵੇਂ ਹੋਣਗੇ।

## ਇਲਾਜ

1. ਨਵੀਆਂ ਅਤੇ ਪੁਰਾਣੀਆਂ ਬੀਮਾਰੀਆਂ (ਸਮੇਤ ਕਾਲਾ ਪੀਲੀਆ) ਪਹਿਲੇ ਦਿਨ ਤੋਂ ਹੀ ਕਵਰ ਹੋਣਗੀਆਂ।ਇਸ ਨਾਲ ਜਮਾਦਰੂ (genetic, congenital, heriditrary, circumcission,phimosis etc.) ਬੀਮਾਰੀਆਂ ਵੀ ਪਹਿਲੇ ਦਿਨ ਤੋਂ ਕਵਰ ਹੋਣਗੀਆਂ।
2. ਕਾਲੇ ਪੀਲੀਏ ਦੇ ਮਰੀਜ ਉਪਰ ਹਸਪਤਾਲ ਵਿਖੇ ਵਾਰ-ਵਾਰ 24 ਘੰਟੇ ਦਾਖਲ ਹੋਣ ਦੀ ਸ਼ਰਤ ਲਾਗੂ ਨਹੀਂ ਹੋਵੇਗੀ, ਪਹਿਲੀ ਵਾਰ ਹਸਪਤਾਲ ਵਿਖੇ ਦਾਖਲ ਹੋਣਾ ਜਰੂਰੀ ਹੋਵੇਗਾ। ਕਾਲੇ ਪੀਲੀਏ ਦੇ ਇਲਾਜ ਦਾ ਕਲੇਮ ਕੰਪਨੀ ਵੱਲੋਂ ਅਦਾ ਕਰਨਾ ਹੋਵੇਗਾ।
3. ਸਰਕਾਰ ਵੱਲੋਂ ਐਲਾਨੀ ਕੋਈ ਵੀ ਮਹਾਮਾਰੀ ਵਿਸ਼ੇਸ਼ ਕਰਕੇ COVID19 ਦਾ ਇਲਾਜ ਵੀ ਬੀਮਾ ਪਾਲਿਸੀ ਵਿੱਚ ਸ਼ਾਮਲ ਹੋਵੇਗਾ।
4. ਹੱਡੀਆਂ:- ਅੰਗ ਬਦਲਨੇ ਜਿਨ੍ਹਾਂ ਵਿੱਚ ਗੋਡੇ, ਚੂਲੇ, ਗੁਰਦੇ ਆਦਿ ਸਾਰੇ ਆਰਗਨ ਕਵਰ ਕਰਨੇ ਹੋਣਗੇ। ਅੰਗ ਕਿਸੇ ਵੀ ਪੈਨਲ ਵਾਲੇ ਹਸਪਤਾਲ ਤੋਂ ਬਦਲਵਾਏ ਜਾ ਸਕਣਗੇ।ਇਸ ਵਿੱਚ ਉਮਰ ਦੀ ਕੋਈ ਹੱਦ ਨਹੀਂ ਹੋਵੇਗੀ। ਅੰਗ ਦਾਨ ਕਰਨ ਵਾਲੇ ਪੁਰ ਹੋਏ ਖ਼ਰਚੇ ਵੀ ਕੰਪਨੀ ਵੱਲੋਂ ਦੇਣੇ ਹੋਣਗੇ।ਅੰਗ ਦਾਨ ਕਰਨ ਵਾਲੇ ਦੇ ਅਪ੍ਰੇਸ਼ਨ ਵਗੈਰਾ ਦੇ ਖ਼ਰਚੇ ਕੰਪਨੀ ਅਦਾ ਕਰੇਗੀ।
5. **ਗੋਡੇ, ਚੂਲੇ ਬਦਲਣ ਸਮੇਂ ਵੱਧ ਤੋਂ ਵੱਧ ਬੀਮਾ ਪਾਲਿਸੀ ਦੀ ਕੁੱਲ ਰਕਮ ਦਾ 70% ਹੀ ਕਲੇਮ ਅਦਾ ਕੀਤਾ ਜਾਵੇਗਾ।**
6. ਅੱਖਾਂ ਦੀਆਂ ਸਾਰੀਆ ਬਿਮਾਰੀਆਂ, ਮੋਤੀਆ ਬਿੰਦ ਦੇ ਆਪਰੇਸ਼ਨ ਉਪਰੰਤ ਜਰੂਰਤ ਪੈਣ 'ਤੇ ਇਮਪੋਰਟਡ ਲੈਨਜ਼ ਵੀ ਕਵਰ ਹੋਣਗੇ (ਜਿਨ੍ਹਾਂ ਦੇ ਮਾਰਕੇ ਬਾਰੇ TPA/ਕੰਪਨੀ ਵੱਲੋਂ ਦਫ਼ਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਦਸਣਾ ਹੋਵੇਗਾ ਅਤੇ ਡਾਕਟਰਾਂ ਨੂੰ ਉਕਤ ਹੀ ਲੈਨਜ਼ ਪਾਉਣੇ ਹੋਣਗੇ। ਅੱਖਾਂ ਦੇ ਇਲਾਜ ਸਮੇਂ ਅੱਖ ਵਿੱਚੋਂ ਖੂਨ ਸਾਫ਼ ਕਰਨ ਵਾਲਾ ਟੀਕਾ (Injection) ਵੀ ਕਵਰ ਹੋਵੇਗਾ। ਬੀਮਾ ਕੰਪਨੀ ਵੱਲੋਂ ਹਸਪਤਾਲ ਨੂੰ ਇਲਾਜ ਦਾ ਖਰਚਾ ਪੰਨਾ ਨੰ: 04 ਦੇ ਸੀ:ਨੰ: 06 ਪੁਰ ਲਿਖੇ ਗਏ ਰੇਟ ਤੋਂ ਘੱਟ ਹੀ ਦੇਣਾ ਹੋਵੇਗਾ। ਲੇਸਿਕ ਲੇਜ਼ਰ ਕਵਰ ਨਹੀਂ ਹੋਵੇਗਾ।

ਈ-ਮੇਲ :
info@sgpc.net

ੴ ਵਾਹਿਗੁਰੂ ਜੀ ਕੀ ਫ਼ਤਹ ॥

242/08-22/2500
2553957
2553958
2553959
ਫੈਕਸ - 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ__________ ਮਿਤੀ__________

7. ਬਵਾਸੀਰ ਦਾ ਅਪ੍ਰੇਸ਼ਨ ਡਾਕਟਰਾਂ ਦੀ ਸਲਾਹ ਅਨੁਸਾਰ staple surgery ਰਾਹੀਂ ਕਵਰ ਹੋਣਗੇ।
8. ਮੁਲਾਜਮ/ਬੀਮਾ ਧਾਰਕ ਦੇ ਪਰਿਵਾਰਕ ਮੈਂਬਰ ਦਾ ਐਕਸੀਡੈਂਟ ਹੋ ਜਾਣ ਤੇ ਬੀਮਾ ਧਾਰਕ ਦੇ ਪਰਿਵਾਰਕ ਮੈਂਬਰ ਦੇ ਹਰੇਕ ਤਰਾਂ ਦੇ ਇਲਾਜ ਦਾ ਖਰਚਾ, ਬੀਮਾ ਕੰਪਨੀ ਵੱਲੋਂ ਅਦਾ ਕੀਤਾ ਜਾਵੇਗਾ। ਹਸਪਤਾਲ ਵਿਖੇ 24 ਘੰਟੇ ਦਾਖਲ ਹੋਣ ਦੀ ਸ਼ਰਤ ਲਾਗੂ ਨਹੀਂ ਹੋਵੇਗੀ।
9. **ਬੀਮਾ ਕੰਪਨੀ ਵੱਲੋਂ ਹਸਪਤਾਲ ਪੈਨਲ ਵਿੱਚ ਕਰਨ ਸਮੇਂ ਹਸਪਤਾਲ ਨਾਲ MOU ਕਰਨ ਦੌਰਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਵੱਖ-ਵੱਖ ਬੀਮਾਰੀਆਂ ਦੇ ਇਲਾਜ ਲਈ ਨੀਯਤ ਕੀਤੇ ਗਏ ਰੇਟਾਂ ਤੋਂ ਘੱਟ ਰੇਟਾਂ ਪੁਰ ਹੀ ਪੈਨਲ ਵਿਚਲੇ ਹਸਪਤਾਲ ਵੱਲੋਂ ਇਲਾਜ ਕਰਨਾ ਯਕੀਨੀ ਹੋਵੇਗਾ। ਮਰੀਜ ਪਾਸੋਂ ਕਿਸੇ ਵੀ ਤਰ੍ਹਾਂ ਦੀ ਕੋਈ ਰਕਮ ਨਹੀਂ ਲਈ ਜਾਵੇਗੀ।**
10. ਕਲੇਮ ਸਟੇਟਸ ਚੈੱਕ ਕਰਨ ਲਈ ਬੀਮਾ ਕੰਪਨੀ/ਟੀ.ਪੀ.ਏ. ਵੱਲੋਂ ਲਾਗਿਨ ਆਈ.ਡੀ./ਪਾਸਵਰਡ ਦਫਤਰ ਸ਼੍ਰੋਮਣੀ ਕਮੇਟੀ ਨੂੰ ਦੇਣਾ ਹੋਵੇਗਾ, ਮੈਡੀਕਲ ਬੀਮਾ ਸ਼ੁਰੂ ਹੋਣ ਤੇ 15 ਦਿਨਾਂ ਦੇ ਅੰਦਰ-ਅੰਦਰ ਲਾਗਿਨ ਆਈ.ਡੀ. ਚਾਲੂ ਕਰਨੀ ਹੋਵੇਗੀ, ਸਾਰਾ ਸਾਲ ਚਾਲੂ ਰੱਖਣੀ ਹੋਵੇਗੀ ਅਤੇ **ਬੀਮਾ ਕੰਪਨੀ ਵੱਲੋਂ ਮਹੀਨਾਵਾਰ ਕਲੇਮ ਐਮ.ਆਈ.ਐਸ., ਕਲੇਮ ਐਨਾਲਿਸਸ ਤੇ ਕਲੇਮ ਡੰਪ ਦਫਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਸਾਫਟ ਕਾਪੀ ਦੇ ਰੂਪ ਵਿੱਚ ਦੇਣਾ ਲਾਜਮੀ ਹੋਵੇਗਾ।**

## ਐਕਸੀਡੈਂਟ ਸਬੰਧੀ

1. ਹਸਪਤਾਲ ਦਾ ਹੋਣ ਵਾਲਾ ਖ਼ਰਚਾ 100% ਦੇਣਾ ਹੋਵੇਗਾ ਜਾਂ ਆਪਣੇ ਪੁਰ ਖਰਚ ਕਰਨ 'ਤੇ ਵਾਪਿਸ ਕੀਤਾ ਜਾਵੇਗਾ।
2. ਨਕਾਰਾ ਹੋਣ ਜਾਂ ਜਖਮੀ ਹੋਣ ਤੇ ਕੰਪਨਸੇਸ਼ਨ ਬੀਮੇ ਦੀ ਰਾਸ਼ੀ ਦਾ 1% ਪ੍ਰਤੀ ਹਫਤੇ ਦੇ ਹਿਸਾਬ ਨਾਲ ਦਿੱਤਾ ਜਾਵੇਗਾ। ਖ਼ਰਚੇ ਘੱਟੋ ਘੱਟ ਤਿੰਨ ਦਿਨ ਤੋਂ ਲੈ ਕੇ 104 ਹਫਤਿਆ ਤੱਕ ਦਿੱਤੇ ਜਾਣਗੇ।
3. ਐਕਸੀਡੈਂਟ ਹੋਣ ਤੇ ਇਲਾਜ ਕਿਸੇ ਵੀ ਹਸਪਤਾਲ ਤੋਂ ਕਰਵਾਇਆ ਜਾ ਸਕੇਗਾ।
4. ਹਸਪਤਾਲ ਵਿੱਚ ਦਾਖਲੇ ਦੀ ਸੂਚਨਾ ਮਰੀਜ ਖੁਦ ਜਾਂ ਉਸ ਦਾ ਵਾਰਿਸ ਕੰਪਨੀ ਨੂੰ 96 ਘੰਟੇ ਦੇ ਅੰਦਰ ਜਾਂ ਹਸਪਤਾਲ ਤੋਂ ਛੁੱਟੀ ਹੋਣ ਤੋਂ ਪਹਿਲਾਂ-ਪਹਿਲਾਂ ਦੇਵੇਗਾ।
5. ਮੌਤ ਹੋਣ ਤੇ 100% ਕਲੇਮ ਰਾਸ਼ੀ ਦੇ ਹਸਪਤਾਲ ਦੀਆਂ ਸਹੂਲਤਾਂ, ਡੈੱਡ ਬਾਡੀ ਹਸਪਤਾਲ ਤੋਂ ਘਰ ਲਿਆਉਣ ਤੱਕ ਅਤੇ ਦੋ ਬੱਚੇ ਜੋ ਸਕੂਲ ਵਿੱਚ ਪੜਦੇ ਹੋਣ ਪੜਾਈ ਆਦਿ ਦੀ ਸਹੂਲਤ ਲਈ ਫੰਡ ਦਿੱਤੇ ਜਾਣ।
6. ਇੱਕ ਉਂਗਲ ਕੱਟੀ ਜਾਣ ਤੇ 10% ਕਲੇਮ ਦਿੱਤਾ ਜਾਵੇਗਾ।
7. ਇੱਕ ਅੰਗ ਅੱਖ ਨਕਾਰਾ ਹੋਣ ਤੇ 50% ਅਤੇ ਕੋਈ ਦੋ ਅੰਗ ਦੋ ਅੱਖਾ ਨਾਕਾਰਾ ਹੋਣ ਤੇ 100% ਕਲੇਮ ਦਿੱਤਾ ਜਾਵੇਗਾ।
8. ਐਕਸੀਡੈਂਟ ਵਿੱਚ ਅੰਗ ਕੱਟੇ ਜਾਣ ਤੇ ਇਲਾਜ ਉਪਰੰਤ ਯੋਗ ਸਮੇਂ ਤੇ ਨਕਲੀ ਅੰਗ ਲਾਉਣਾ ਹੋਵੇਗਾ।
9. ਰੇਟ ਪ੍ਰਵਾਨ ਹੋਣ ਉਪਰੰਤ ਉਪਰੋਕਤ ਸ਼ਰਤਾਂ ਬੀਮਾ ਕੰਪਨੀ ਵੱਲੋਂ ਆਪਣੇ ਲੈਟਰ ਪੈਡ ਪੁਰ ਪੰਜਾਬੀ ਵਿੱਚ ਲਿਖ ਕੇ ਮੌਕੇਪੁਰ ਜਾਂ ਪ੍ਰੀਮੀਅਮ ਦੇ ਚੈੱਕ ਲੈਣ ਤੋਂ ਪਹਿਲਾਂ ਰੀਜਨਲ ਮੈਨੇਜਰ ਦੇ ਦਸਤਖ਼ਤਾਂ ਹੇਠ ਦਫ਼ਤਰ ਸ਼੍ਰੋਮਣੀ ਕਮੇਟੀ ਵਿਖੇ ਜਮ੍ਹਾਂ ਕਰਵਾਉਣਾ ਜ਼ਰੂਰੀ ਹੋਵੇਗਾ।
10. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਮੈਡੀਕਲ ਅਤੇ ਦੁਰਘਟਨਾਂ ਬੀਮਾਂ ਪਾਲਿਸੀਆਂ ਵਿੱਚ ਕੋਈ ਏਜੰਟ/ਏਜੰਟ ਨੂੰ ਦਿੱਤੀ ਜਾਣ ਵਾਲੀ ਕਮੀਸ਼ਨ ਸ਼ਾਮਲ ਨਹੀਂ ਹੋਣੀ ਚਾਹੀਦੀ।

ਈ-ਮੇਲ :
info@sgpc.net

242/08-22/2500
2553957
2553958
2553959
ਫੈਕਸ – 0183-2553919

ੴ ਵਾਹਿਗੁਰੂ ਜੀ ਕੀ ਫ਼ਤਹ ॥

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ__________ ਮਿਤੀ__________

## ਮੈਡੀਕਲ ਬੀਮਾ ਪਾਲਿਸੀ ਵਿੱਚ ਕੈਪਿੰਗ ਹੇਠ ਲਿਖੇ ਅਨੁਸਾਰ ਲਾਗੂ ਹੋਵੇਗੀ।

| |
|---|
| 1. ਕਮਰੇ ਦਾ ਕਿਰਾਇਆ ਬੀਮਾ ਪਾਲਿਸੀ ਦਾ 1% ਹੋਵੇਗਾ। ਨਾਨ ਏ.ਸੀ. ਕਮਰੇ ਦਾ ਕਿਰਾਇਆ ਵੱਧ ਤੋਂ ਵੱਧ 3000/- ਅਤੇ ਏ.ਸੀ. ਕਮਰੇ ਦਾ ਕਿਰਾਇਆ ਵੱਧ ਤੋਂ ਵੱਧ 5000/-ਰੁਪਏ ਤੀਕ ਪ੍ਰਤੀ ਦਿਨ ਦਾ ਹੋਵੇਗਾ। |
| 2. ਆਈ.ਸੀ.ਯੂ. ਦਾ ਕਿਰਾਇਆ ਬੀਮਾ ਪਾਲਿਸੀ ਦਾ 1% ਹੋਵੇਗਾ। ਵੱਧ ਤੋਂ ਵੱਧ 5000/-ਰੁਪਏ ਤੀਕ ਪ੍ਰਤੀ ਦਿਨ ਹੋਵਗਾ। |
| 3. ਆਮ (Normal) ਡਲਿਵਰੀ ਕੇਸ ਲਈ 20000/-ਰੁਪਏ ਤੇ C-Sec. Both (ਸਿਜੇਰੀਅਨ) 40000/-ਰੁਪਏ |
| 4. **ਦੰਦਾਂ ਦਾ ਇਲਾਜ ਬੀਮਾ ਪਾਲਿਸੀ ਵਿੱਚ ਕਵਰ ਨਹੀਂ ਹੋਵੇਗਾ।** |
| 5. ਲੇਸਿਕ ਸਰਜਰੀ ਕਵਰ ਨਹੀਂ ਹੋਵੇਗੀ। |
| 6. ਮੋਤਿਆ ਬਿੰਦ : ਪ੍ਰਤੀ ਅੱਖ<br>ੳ) Phaco (including implant cost) : 20000/-ਰੁਪਏ (Imported foldable lens)<br>ਅ) MICS (including implant cost) : 25000/-ਰੁਪਏ |
| 7. ਹਰਨੀਆਂ<br>ੳ) ਲੈਪਰੋਸਕੋਪੀ : 30000/-ਰੁਪਏ<br>ਅ) Appendectomy (ਅਪੈਂਡਿਕਸ ਦਾ ਅਪ੍ਰੇਸ਼ਨ) ਉਪਨ/ਗੋਪ : 30000/-ਰੁਪਏ (inculding Mesh) |
| 8. Hysterectomy (ਬੱਚੇਦਾਨੀ ਕੱਢਣ ਦਾ ਅਪ੍ਰੇਸ਼ਨ): 30000/-ਰੁਪਏ |
| 9. Calculas (ਪਿੱਤੇ ਦੀ ਪਥਰੀ ਦਾ ਇਲਾਜ)<br>ੳ) Lapcholecetecomy : 30000/-ਰੁਪਏ<br>ਅ) Lithotripsy/URS : 35000/-ਰੁਪਏ<br>ੲ) PCNL (ਗੁਰਦੇ ਦੀ ਪਥਰੀ ਦਾ ਇਲਾਜ): ਇੱਕ ਪਾਸੜ 30000/-ਰੁਪਏ ਦੁਵੱਲੇ (ਦੋ ਪਾਸੜ) 40000/-ਰੁਪਏ |
| 10. ਡਾਇਲਿਸਿਸ (ਤਰਲ ਦੀ ਲਾਗਤ ਸਮੇਤ) : ਪ੍ਰਤੀ ਬੈਠਕ (ਡਾਇਲਾਈਜ਼ਰ ਸਮੇਤ) 1500/-ਰੁਪਏ |
| 11. Retinal (ਅੱਖ ਦਾ ਅਪ੍ਰੇਸ਼ਨ): ਡੀਟੈਚਮੈਂਟ (ਪ੍ਰਤੀ ਅੱਖ 25000/-ਰੁਪਏ) |
| Angioplasty : 1,10000/-ਰੁਪਏ (ਸਟੰਟ ਦੀ ਲਾਗਤ ਸਮੇਤ) ਇੱਕ ਸਟੰਟ ਲਈ, ਐਨ.ਪੀ.ਪੀ.ਏ. ਦੇ ਅਨੁਸਾਰ ਵਾਧੂ ਸਟੰਟ ਲਾਗਤ, ਡਾਕਟਰ ਦੀ ਯਾਤਰਾ ਦੀ ਫੀਸ ਅਤੇ ਨਰਸਿੰਗ ਦੇ ਖਰਚਿਆਂ ਦੀ ਸੀਮਾਂ |
| ਬੀਮਾ ਕੰਪਨੀ ਨੂੰ ਬਰੋਕਰ ਬਗੈਰ ਸਿੱਧੇ ਹੀ ਸ਼੍ਰੋਮਣੀ ਕਮੇਟੀ ਨੂੰ ਪ੍ਰਸਤਾਵ ਭੇਜਣਾ ਚਾਹੀਦਾ ਹੈ। 80% ਕਲੇਮ ਅੰਮ੍ਰਿਤਸਰ ਵਿੱਚ ਹੁੰਦੇ ਹਨ ਅੰਮ੍ਰਿਤਸਰ ਵਿੱਚ ਮਹਿਰ ਟੀਮ ਦੁਆਰਾ ਚੁਣੇ ਗਏ ਵੱਧ ਤੋਂ ਵੱਧ 25-30 ਹਸਪਤਾਲ ਹੀ ਪੈਨਲ ਵਿੱਚ ਸ਼ਾਮਿਲ ਕਰਨੇ ਹੋਣਗੇ। **ਬਾਕੀ ਸਾਰੇ ਸ਼ਹਿਰਾਂ ਦੇ ਨਾਮਵਰ ਹਸਪਤਾਲ ਪੈਨਲ ਵਿੱਚ ਸ਼ਾਮਿਲ ਕਰਨੇ ਹੋਣਗੇ। ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਭੇਜੀਆ ਗਈਆਂ ਪੱਤ੍ਰਿਕਾਵਾਂ ਅਨੁਸਾਰ ਹਸਪਤਾਲ ਪੈਨਲ ਵਿੱਚ ਸ਼ਾਮਿਲ ਕਰਨੇ ਲਾਜਮੀ ਹੋਣਗੇ।** |
| **ਨੋਟ:-** ਇਸ ਵਾਰ ਸਮੂੰਹ ਮੁਲਾਜ਼ਮਾਂ ਦਾ ਤਿੰਨ ਤੋਂ ਪੰਜ ਲੱਖ ਤੀਕ ਦਾ ਗਰੁੱਪ ਮੈਡੀਕਲ ਬੀਮਾ ਕੀਤਾ/ਕਰਵਾਇਆ ਜਾਵੇਗਾ। ਕੁਟੇਸ਼ਨ ਦੇਣ ਸਮੇਂ ਰੇਟ ਪ੍ਰਤੀ ਲੱਖ ਦੇ ਹਿਸਾਬ ਨਾਲ ਭੇਜੇ ਜਾਣ। |